**ਪੰਜਾਬ ਸਰਕਾਰ**
**ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ,**
**ਵਿਕਾਸ ਭਵਨ, ਸੈਕਟਰ-62, ਐਸ.ਏ.ਐਸ.ਨਗਰ (ਮੋਹਾਲੀ)**
**(ਈ.ਟੀ.ਟੀ. ਸ਼ਾਖਾ)**

# ਪੰਜਾਬ ਦੇ ਪੇਂਡੂ ਖੇਤਰਾਂ ਦੇ ਪ੍ਰਾਇਮਰੀ ਸਕੂਲਾਂ ਵਿੱਚ 7041 ਅਧਿਆਪਕਾਂ ਦੀ ਭਰਤੀ ਦੀ ਪ੍ਰਕਿਰਿਆ ਸਬੰਧੀ ਇਸ਼ਤਿਹਾਰ

1. **ਯੋਗਤਾ:**

i) ਉਮੀਦਵਾਰ ਪੰਜਾਬ ਰਾਜ ਜਾਂ ਕੇਂਦਰੀ ਸ਼ਾਸਤ ਪ੍ਰਦੇਸ਼, ਚੰਡੀਗੜ੍ਹ ਦਾ ਪੱਕਾ ਵਸਨੀਕ (Domicile) ਹੋਵੇ।

ii) ਉਮੀਦਵਾਰ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਇਸ ਦੇ ਬਰਾਬਰ ਮਾਨਤਾ ਪ੍ਰਾਪਤ ਬੋਰਡ/ਸੰਸਥਾ ਤੋਂ ਦਸਵੀਂ ਜਾਂ 10+2 ਪਾਸ ਹੋਣਾ ਚਾਹੀਦਾ ਹੈ।

iii) ਉਮੀਦਵਾਰ ਨੇ ਦਸਵੀਂ ਵਿੱਚ ਗਣਿਤ, ਸਾਇੰਸ, ਅੰਗਰਜ਼ੀ ਅਤੇ ਪੰਜਾਬੀ ਦਾ ਵਿਸ਼ਾ ਪਾਸ ਕੀਤਾ ਹੋਵੇ।

iv) ਉਮੀਦਵਾਰ ਨੇ ਦੋ ਸਾਲ ਦਾ ਪੰਜਾਬ ਸਰਕਾਰ ਤੋਂ ਮਾਨਤਾ ਪ੍ਰਾਪਤ ਸੰਸਥਾ ਜਾਂ ਕਿਸੇ ਹੋਰ ਰਾਜ/ਕੇਂਦਰੀ ਸ਼ਾਸਤ ਪ੍ਰਦੇਸ਼ ਦੀ ਮਾਨਤਾ ਪ੍ਰਾਪਤ ਸੰਸਥਾ (ਜਿਸਨੂੰ ਪੰਜਾਬ ਸਰਕਾਰ ਵੱਲੋਂ ਬਰਾਬਰ ਦਾ ਦਰਜਾ ਦਿੱਤਾ ਗਿਆ ਹੋਵੇ ਅਤੇ ਮਾਨਤਾ ਦਿੱਤੀ ਹੋਵੇ) ਤੋਂ ਜੂਨੀਅਰ ਬੇਸਿਕ ਟੀਚਰਜ਼ ਟ੍ਰੇਨਿੰਗ ਜਾਂ ਐਲੀਮੈਂਟਰੀ ਟੀਚਰਜ਼ ਟ੍ਰੇਨਿੰਗ ਕੋਰਸ ਪਾਸ ਕੀਤਾ ਹੋਵੇ।

v) ਉਮੀਦਵਾਰ ਨੇ ਈ.ਟੀ.ਟੀ. ਜਾਂ ਜੇ.ਬੀ.ਟੀ. ਕੋਰਸ ਦੌਰਾਨ ਪੰਜਾਬੀ ਪੜ੍ਹਾਈ ਵਿਸ਼ਾ (Punjabi Teaching as Subject) ਪਾਸ ਕੀਤਾ ਹੋਵੇ।

vi) ਉਮੀਦਵਾਰ ਨੇ ਅਧਿਆਪਕ ਯੋਗਤਾ ਟੈਸਟ (T.E.T.) (ਜੋ ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਕਰਵਾਇਆ ਜਾ ਰਿਹਾ ਹੈ) ਮਿਤੀ 18.7.2011 ਤੱਕ ਪਾਸ ਕੀਤਾ ਹੋਵੇ।

vii) **ਉਮਰ:** ਉਮੀਦਵਾਰ ਦੀ ਉਮਰ ਮਿਤੀ 1.7.2011 ਤੱਕ 18-37 ਸਾਲ ਵਿਚਕਾਰ ਹੋਣੀ ਚਾਹੀਦੀ ਹੈ। ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਵੱਖ-ਵੱਖ ਰਾਖਵੀਆਂ ਸ਼੍ਰੇਣੀਆਂ ਦੇ ਉਮੀਦਵਾਰਾਂ ਨੂੰ ਉਮਰ ਵਿੱਚ ਛੋਟ ਦਿੱਤੀ ਜਾਵੇਗੀ।

2. **ਭਰਤੀ ਪ੍ਰਕਿਰਿਆ:**

(ੳ) 70% ਆਸਾਮੀਆਂ ਉਨ੍ਹਾਂ ਉਮੀਦਵਾਰਾਂ ਵਿੱਚੋਂ ਭਰੀਆਂ ਜਾਣਗੀਆਂ ਜਿਨ੍ਹਾਂ ਨੇ ਪੰਜਾਬ ਰਾਜ ਤੋਂ ਜੂਨੀਅਰ ਬੇਸਿਕ ਟੀਚਰਜ਼ ਟ੍ਰੇਨਿੰਗ ਜਾਂ ਐਲੀਮੈਂਟਰੀ ਟੀਚਰਜ਼ ਟ੍ਰੇਨਿੰਗ ਕੋਰਸ ਪਾਸ ਕੀਤਾ ਹੋਵੇ।

(ਅ) 30% ਆਸਾਮੀਆਂ ਉਨ੍ਹਾਂ ਉਮੀਦਵਾਰਾਂ ਵਿੱਚੋਂ ਭਰੀਆਂ ਜਾਣਗੀਆਂ ਜਿਨ੍ਹਾਂ ਨੇ ਪੰਜਾਬ ਰਾਜ ਤੋਂ ਬਾਹਰ ਜਾਂ ਕੇਂਦਰੀ ਸ਼ਾਸਤ ਪ੍ਰਦੇਸ਼ ਤੋਂ ਜੂਨੀਅਰ ਬੇਸਿਕ ਟੀਚਰਜ਼ ਟ੍ਰੇਨਿੰਗ ਜਾਂ ਐਲੀਮੈਂਟਰੀ ਟੀਚਰਜ਼ ਟ੍ਰੇਨਿੰਗ ਕੋਰਸ ਪਾਸ ਕੀਤਾ ਹੋਵੇ।

ਜੇਕਰ ਪੰਜਾਬ ਰਾਜ ਜਾਂ ਦੂਜੇ ਰਾਜਾਂ ਜਾਂ ਕੇਂਦਰੀ ਸ਼ਾਸਤ ਪ੍ਰਦੇਸ਼ ਤੋਂ ਜੂਨੀਅਰ ਬੇਸਿਕ ਟੀਚਰਜ਼ ਟ੍ਰੇਨਿੰਗ ਜਾਂ ਐਲੀਮੈਂਟਰੀ ਟੀਚਰਜ਼ ਟ੍ਰੇਨਿੰਗ ਕੋਰਸ ਪਾਸ ਕਰਨ ਵਾਲੇ ਉਮੀਦਵਾਰ ਉਪਲਬਧ ਨਾ ਹੋਣ ਤਾਂ ਅਜਿਹੀ ਸੂਰਤ ਵਿੱਚ ਕ੍ਰਮਵਾਰ 70% ਅਤੇ 30% ਆਸਾਮੀਆਂ ਵਾਲੀ ਸ਼ਰਤ ਖਤਮ ਸਮਝੀ ਜਾਵੇਗੀ।

(ੲ) ਮੈਰਿਟ 10+2 ਜਾਂ ਇਸ ਦੇ ਬਰਾਬਰ ਦੀ ਪ੍ਰੀਖਿਆ ਅਤੇ ਈ.ਟੀ.ਟੀ. ਦੇ ਕੋਰਸ ਦੇ ਨੰਬਰਾਂ ਨੂੰ ਜੋੜ ਕੇ; ਅਤੇ

(i) ਉਹ ਉਮੀਦਵਾਰ ਜਿਸ ਨੇ ਈ.ਟੀ.ਟੀ. ਦਾ ਕੋਰਸ ਪਾਸ ਕੀਤੇ ਨੂੰ ਇੱਕ ਸਾਲ ਤੋਂ ਵੱਧ ਹੋਇਆ ਹੈ, ਉਸਨੂੰ ਹਰੇਕ ਸਾਲ ਦਾ ਇੱਕ ਨੰਬਰ ਵਾਧੂ ਦਿੱਤਾ ਜਾਵੇਗਾ ਅਤੇ ਵੱਧ ਤੋਂ ਵੱਧ 10 ਨੰਬਰ ਦੇ ਕੇ; ਅਤੇ

(ii) ਉਹ ਉਮੀਦਵਾਰ ਜਿਸ ਨੇ ਅਠਵੀਂ ਅਤੇ ਦਸਵੀਂ ਦੀ ਪ੍ਰੀਖਿਆ ਪੰਜਾਬ ਰਾਜ ਦੇ ਪੇਂਡੂ ਖੇਤਰਾਂ ਵਿੱਚ ਸਥਿੱਤ ਸਕੂਲਾਂ ਤੋਂ ਕੀਤੀ ਹੋਵੇਗੀ, ਉਨ੍ਹਾਂ ਨੂੰ 5 ਵਾਧੂ ਨੰਬਰ ਦੇ ਕੇ ਬਣਾਈ ਜਾਵੇਗੀ।

(ਸ) ਉਮੀਦਵਾਰਾਂ ਦੀ ਚੋਣ ਪੇਂਡੂ ਵਿਕਾਸ ਤੇ ਪੰਚਾਇਤਾਂ ਵਿਭਾਗ, ਪੰਜਾਬ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: ਜੀ.ਐਸ.ਆਰ..23/ਪੀ.ਏ.9/94/ਐਸ.ਐਸ.196 ਅਤੇ 227/2006, ਮਿਤੀ 25.5.2006 ਰਾਹੀਂ ਗਠਿਤ ਚੋਣ ਕਮੇਟੀ ਰਾਹੀਂ ਕੀਤੀ ਜਾਵੇਗੀ।

3. **ਫੀਸ:** ਜਨਰਲ ਸ਼੍ਰੇਣੀ ਨਾਲ ਸਬੰਧਤ ਉਮੀਦਵਾਰ 500/-ਰੁਪਏ ਅਤੇ ਬਾਕੀ ਰਾਖਵੀਂ ਸ਼੍ਰੇਣੀਆਂ ਨਾਲ ਸਬੰਧਤ ਉਮੀਦਵਾਰ 250/-ਰੁਪਏ ਦਾ ਬੈਂਕ ਡਿਮਾਂਡ ਡਰਾਫਟ/ਪੋਸਟਲ ਆਰਡਰ ਸਬੰਧਤ ਮੁੱਖ ਕਾਰਜਕਾਰੀ ਅਫਸਰ, ਜਿਲ੍ਹਾ ਪ੍ਰੀਸ਼ਦ ਦੇ ਨਾਮ ਤੇ ਬਣਾ ਕੇ ਬਿਨੈ-ਪੱਤਰ ਨਾਲ ਲਗਾਉਣਗੇ।

4. **ਤਨਖਾਹ ਸਕੇਲ:** ਰੁਪਏ 5910-20200+3000 ਗ੍ਰੇਡ ਪੇਅ
5. ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਵੱਖ-ਵੱਖ ਰਾਖਵੀਆਂ ਸ੍ਰੇਣੀਆਂ ਦੀਆਂ ਸੀਟਾਂ ਰਾਖਵੀਆਂ ਹੋਣਗੀਆਂ। ਰਾਖਵੀਆਂ ਸ੍ਰੇਣੀਆਂ ਦੇ ਉਮੀਦਵਾਰਾਂ ਦੀ ਵੱਖਰੀ ਮੈਰਿਟ ਸੂਚੀ ਸਬੰਧਤ ਮੁੱਖ ਕਾਰਜਕਾਰੀ ਅਫਸਰ, ਜਿਲ੍ਹਾ ਪ੍ਰੀਸ਼ਦ ਵੱਲੋਂ ਬਣਾਈ ਜਾਵੇਗੀ।
6. ਆਸਾਮੀਆਂ ਦੀ ਗਿਣਤੀ ਬਗੈਰ ਕਿਸੇ ਨੋਟਿਸ ਤੋਂ ਘਟਾਈ/ਵਧਾਈ ਜਾ ਸਕਦੀ ਹੈ।
7. ਉਮੀਦਵਾਰਾਂ ਦੀ ਭਰਤੀ ਜ਼ਿਲ੍ਹਾ-ਵਾਰ ਕੀਤੀ ਜਾਵੇਗੀ। ਉਮੀਦਵਾਰ ਪੰਜਾਬ ਦੇ ਕਿਸੇ ਵੀ ਇੱਕ ਜ਼ਿਲ੍ਹੇ ਵਿੱਚ ਭਰਤੀ ਲਈ ਬਿਨੈਪੱਤਰ ਦੇ ਸਕਦਾ ਹੈ। ਜ਼ਿਲ੍ਹੇਵਾਰ ਖਾਲੀ ਆਸਾਮੀਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ:-

| **ਲੜੀ ਨੰ:** | **ਜਿਲ੍ਹੇ ਦਾ ਨਾਂ** | **ਖਾਲੀ ਪੋਸਟਾਂ** |
|---|---|---|
| 1. | ਅੰਮ੍ਰਿਤਸਰ | 748 |
| 2. | ਤਰਨਤਾਰਨ | 516 |
| 3. | ਬਠਿੰਡਾ | 207 |
| 4. | ਫਰੀਦਕੋਟ | 98 |
| 5. | ਫਤਹਿਗੜ੍ਹ ਸਾਹਿਬ | 197 |
| 6. | ਫਿਰੋਜ਼ਪੁਰ | 342 |
| 7. | ਗੁਰਦਾਸਪੁਰ | 441 |
| 8. | ਹੁਸ਼ਿਆਰਪੁਰ | 489 |
| 9. | ਜਲੰਧਰ | 650 |
| 10. | ਕਪੂਰਥਲਾ | 277 |
| 11. | ਲੁਧਿਆਣਾ | 704 |
| 12. | ਮਾਨਸਾ | 156 |
| 13. | ਮੋਗਾ | 344 |
| 14. | ਮੁਕਤਸਰ | 255 |
| 15. | ਐਸ.ਬੀ.ਐਸ. ਨਗਰ | 237 |
| 16. | ਬਰਨਾਲਾ | 229 |
| 17. | ਰੋਪੜ੍ਹ | 167 |
| 18. | ਐਸ.ਏ.ਐਸ ਨਗਰ | 273 |
| 19. | ਪਟਿਆਲਾ | 482 |
| 20. | ਸੰਗਰੂਰ | 229 |
| | **ਕੁੱਲ ਜੋੜ** | **7041** |

8. ਚਾਹਵਾਨ ਉਮੀਦਵਾਰ ਸਬੰਧਤ ਜ਼ਿਲ੍ਹੇ ਦੇ ਮੁੱਖ ਕਾਰਜਕਾਰੀ ਅਫਸਰ, ਜਿਲ੍ਹਾ ਪ੍ਰੀਸ਼ਦ ਦੇ ਦਫਤਰ ਮਿਤੀ 18.7.2011 ਤੋਂ ਹੇਠ ਦਿੱਤੇ ਪ੍ਰੋਫਾਰਮੇ ਵਿੱਚ ਆਪਣੇ ਬਿਨੈਪੱਤਰ ਨਿੱਜੀ ਤੌਰ ਤੇ ਜਾਂ ਰਜਿਸਟਰਡ ਡਾਕ ਰਾਹੀਂ ਅੰਤਿਮ ਮਿਤੀ ਤੋਂ ਪਹਿਲਾਂ ਜਮ੍ਹਾਂ ਕਰਵਾ ਸਕਦੇ ਹਨ। ਬਿਨੈਪੱਤਰ ਲੈਣ ਦੀ ਅੰਤਿਮ ਮਿਤੀ 29.7.2011 ਨੂੰ ਸ਼ਾਮ 4.00 ਵਜੇ ਤੱਕ ਹੈ। ਉਮੀਦਵਾਰ ਹੇਠ ਲਿਖੇ ਅਨੁਸਾਰ ਆਪਣੇ ਤਸ਼ਦੀਕਸੁਦਾ ਸਰਟੀਫਿਕੇਟ ਬਿਨੈਪੱਤਰ ਨਾਲ ਲਗਾ ਕੇ ਸਬੰਧਤ ਜ਼ਿਲ੍ਹਾ ਪ੍ਰੀਸ਼ਦ ਦਫਤਰ ਵਿਖੇ ਜ਼ਮ੍ਹਾਂ ਕਰਵਾਉਣਗੇ:-
   (i) ਦਸਵੀਂ
   (ii) 10+2
   (iii) ਐਲੀਮੈਂਟਰੀ ਟੀਚਰਜ਼ ਟ੍ਰੇਨਿੰਗ, ਜੂਨੀਅਰ ਬੇਸਿਕ ਟੀਚਰਜ਼ ਟ੍ਰੇਨਿੰਗ, ਬੀ.ਐਡ.
   (iv) ਅਧਿਆਪਕ ਯੋਗਤਾ ਟੈਸਟ (T.E.T.)
   (v) ਡੋਮੀਸਾਈਲ ਸਰਟੀਫਿਕੇਟ
   (vi) ਰਾਖਵੀਂ ਸ੍ਰੇਣੀ ਨਾਲ ਸਬੰਧਤ ਸਰਟੀਫਿਕੇਟ (ਜੋ ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤਾ ਗਿਆ ਹੋਵੇ)।
   (vii) ਬੈਂਕ ਡਿਮਾਂਡ ਡਰਾਫਟ/ਪੋਸਟਲ ਆਰਡਰ ਨੰਬਰ ......ਮਿਤੀ----- ਰਕਮ......
9. ਉਮੀਦਵਾਰਾਂ ਵੱਲੋਂ ਭੇਜਿਆ ਗਿਆ ਅਧੂਰਾ ਬਿਨੈਪੱਤਰ ਵਿਚਾਰਿਆ ਨਹੀਂ ਜਾਵੇਗਾ।
10. ਇਹ ਇਸ਼ਤਿਹਾਰ, ਜਿਸ ਵਿੱਚ ਬਿਨੈਪੱਤਰ ਭਰਨ ਲਈ ਪ੍ਰੋਫਾਰਮਾ ਵੀ ਸ਼ਾਮਿਲ ਹੈ, ਵਿਭਾਗ ਦੀ ਵੈਬਸਾਈਟ www.pbrdp.gov.in ਤੋਂ ਵੀ ਡਾਊਨਲੋਡ ਕੀਤਾ ਜਾ ਸਕਦਾ ਹੈ।

**ਨੱਥੀ: ਪ੍ਰੋਫਾਰਮਾ**

**ਜਾਰੀ ਕਰਤਾ**
**ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤਾਂ**

<table>
<tr><td colspan="8">ਈ.ਟੀ.ਟੀ. ਅਧਿਆਪਕਾਂ ਦੀ ਭਰਤੀ ਸਬੰਧੀ ਬਿਨੈ ਪੱਤਰ ਭਰਨ ਲਈ ਪ੍ਰੋਫਾਰਮਾ</td><td colspan="2">ਫੋਟੋ ਇੱਥੇ ਚਿਪਕਾਉ<br>(ਪਾਸਪੋਰਟ ਸਾਈਜ਼)</td></tr>
<tr><td>1</td><td colspan="9">ਜਿਲ੍ਹੇ ਦਾ ਨਾਮ ਜਿਸ ਵਾਸਤੇ ਬਿਨੈ ਪੱਤਰ ਦਿੱਤਾ ਹੈ : ..............................</td></tr>
<tr><td>2</td><td colspan="9">ਨਾਮ:</td></tr>
<tr><td>3</td><td colspan="9">ਪਿਤਾ ਦਾ ਨਾਮ:</td></tr>
<tr><td>4</td><td>ਸ੍ਰੇਣੀ</td><td>ਜਨਰਲ</td><td>ਅਨੁਸੂਚਿਤ ਜਾਤੀ</td><td>ਪਛੜੀਆਂ ਸ੍ਰੇਣੀਆਂ</td><td>ਸਾਬਕਾ ਫੌਜੀ</td><td>ਅੰਗਹੀਣ</td><td>ਸੁਤੰਤਰਤਾ ਸੰਗਰਾਮੀ</td><td colspan="2">ਖਿਡਾਰੀ</td></tr>
<tr><td></td><td></td><td></td><td></td><td></td><td></td><td></td><td></td><td colspan="2"></td></tr>
<tr><td></td><td colspan="9">ਨੋਟ:- ਅਨੁਸੂਚਿਤ ਜਾਤੀ/ਪਛੜੀਆਂ ਸ੍ਰੇਣੀਆਂ/ਸਾਬਕਾ ਫੌਜੀ/ਅੰਗਹੀਣ/ਸੁਤੰਤਰਤਾ ਸੰਗਰਾਮੀ/ਖਿਡਾਰੀ ਬਾਰੇ ਸਰਟੀਫਿਕੇਟ ਜੋ ਸਮਰੱਥ ਅਧਿਕਾਰੀ ਵਲੋਂ ਜਾਰੀ ਕੀਤਾ ਹੋਵੇ, ਦੀ ਤਸ਼ਦੀਕਸ਼ੁਦਾ ਕਾਪੀ ਨੱਥੀ ਕੀਤੀ ਜਾਵੇ।</td></tr>
<tr><td>5</td><td colspan="9">ਜਨਮ ਮਿਤੀ:</td></tr>
<tr><td>6</td><td>ਪਤਾ</td><td colspan="2">ਪਿੰਡ ਦਾ ਨਾਂ/<br>ਵਾਰਡ ਨੰ:</td><td colspan="2">ਕਸਬਾ/ਬਲਾਕ</td><td colspan="2">ਜਿਲ੍ਹਾ</td><td colspan="2">ਰਾਜ</td></tr>
<tr><td></td><td></td><td colspan="2"></td><td colspan="2"></td><td colspan="2"></td><td colspan="2"></td></tr>
<tr><td></td><td colspan="7">ਰਿਹਾਇਸ਼ੀ ਪਤੇ ਸਬੰਧੀ ਸਬੂਤ ਜੇਕਰ ਪਿੰਡ ਹੋਵੇ ਤਾਂ ਬੀ.ਡੀ.ਪੀ.ਓ. ਤੋਂ ਅਤੇ ਜੇਕਰ ਸ਼ਹਿਰ ਹੋਵੇ ਤਾਂ ਮਿਊਂਸਪਲ ਕਮੇਟੀ ਦੇ ਈ.ਓ. ਤੋਂ ਤਸਦੀਕ ਕਰਵਾਕੇ ਹਾਜ਼ਰੀ ਰਿਪੋਰਟ ਦੇਣ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਦਿੱਤਾ ਜਾਵੇ।</td><td colspan="2"></td></tr>
<tr><td>7</td><td colspan="4">ਸ੍ਰੇਣੀ ਦਾ ਨਾਂ ਜਿਸ ਵਿੱਚ ਬਿਨੈ ਪੱਤਰ ਦਿੱਤਾ ਹੈ।</td><td colspan="3">ਈ.ਟੀ.ਟੀ.</td><td colspan="2">ਬੀ.ਏ/ਬੀ.ਐਡ</td></tr>
<tr><td>8</td><td colspan="2">ਯੋਗਤਾ</td><td colspan="2">ਸਕੂਲ/ਕਾਲਜ/ਸੰਸਥਾ ਦਾ ਨਾਂ</td><td colspan="2">ਪਾਸ ਕਰਨ ਦਾ ਸਾਲ</td><td>ਪ੍ਰਾਪਤ ਨੰਬਰ/ਪ੍ਰਤੀਸ਼ਤ</td><td colspan="2">ਕੁੱਲ ਨੰਬਰ</td></tr>
<tr><td></td><td colspan="2">ਦਸਵੀਂ</td><td colspan="2"></td><td colspan="2"></td><td></td><td colspan="2"></td></tr>
<tr><td></td><td colspan="2">10+2</td><td colspan="2"></td><td colspan="2"></td><td></td><td colspan="2"></td></tr>
<tr><td></td><td colspan="2">ਈ.ਟੀ.ਟੀ.</td><td colspan="2"></td><td colspan="2"></td><td></td><td colspan="2"></td></tr>
<tr><td></td><td colspan="2">ਟੀ.ਈ.ਟੀ. (ਅਧਿਆਪਕ ਯੋਗਤਾ ਟੈਸਟ)</td><td colspan="2"></td><td colspan="2"></td><td></td><td colspan="2"></td></tr>
<tr><td></td><td colspan="2">ਬੀ.ਏ.</td><td colspan="2"></td><td colspan="2"></td><td></td><td colspan="2"></td></tr>
<tr><td></td><td colspan="2">ਬੀ.ਐਡ</td><td colspan="2"></td><td colspan="2"></td><td></td><td colspan="2"></td></tr>
<tr><td></td><td colspan="2">ਟੀ.ਈ.ਟੀ. (ਅਧਿਆਪਕ ਯੋਗਤਾ ਟੈਸਟ)</td><td colspan="2"></td><td colspan="2"></td><td></td><td colspan="2"></td></tr>
<tr><td></td><td colspan="2">ਹੋਰ ਯੋਗਤਾ</td><td colspan="2"></td><td colspan="2"></td><td></td><td colspan="2"></td></tr>
<tr><td>9</td><td colspan="7">ਉਮੀਦਵਾਰ ਪੰਜਾਬ ਰਾਜ ਜਾਂ ਕੇਂਦਰ ਸ਼ਾਸਿਤ ਪ੍ਰਦੇਸ਼ ਦਾ ਪੱਕਾ ਵਸਨੀਕ ਹੈ।<br>(ਸਬੂਤ ਵਜੋਂ ਡੋਮੀਸਾਇਲ ਸਰਟੀਫਿਕੇਟ ਦੀ ਤਸ਼ਦੀਕਸ਼ੁਦਾ ਕਾਪੀ ਨੱਥੀ ਕੀਤੀ ਜਾਵੇ)</td><td colspan="2">ਹਾਂ/ਨਾ</td></tr>
<tr><td>10</td><td colspan="7">ਉਮੀਦਵਾਰ ਨੇ ਦਸਵੀਂ ਦੀ ਪ੍ਰੀਖਿਆ ਵਿੱਚ ਪੰਜਾਬੀ, ਹਿਸਾਬ, ਸਾਇੰਸ ਅਤੇ ਅੰਗਰੇਜ਼ੀ ਦਾ ਵਿਸ਼ਾ ਪਾਸ ਕੀਤਾ ਹੈ (ਸਬੂਤ ਵਜੋਂ ਦਸਵੀਂ ਦੀ ਪ੍ਰੀਖਿਆ ਦਾ ਤਸ਼ਦੀਕਸ਼ੁਦਾ ਪ੍ਰਾਪਤ ਅੰਕ ਕਾਰਡ ਨਾਲ ਨੱਥੀ ਕੀਤਾ ਜਾਵੇ)।</td><td colspan="2">ਹਾਂ/ਨਾ</td></tr>
<tr><td>11</td><td colspan="7">ਉਮੀਦਵਾਰ ਨੇ ਜੂਨੀਅਰ ਬੇਸਿਕ ਟੀਚਰਜ਼ ਟ੍ਰੇਨਿੰਗ/ਐਲੀਮੈਂਟਰੀ ਟੀਚਰਜ਼ ਟ੍ਰੇਨਿੰਗ ਦੇ ਕੋਰਸ ਦੌਰਾਨ ਟੀਚਿੰਗ ਆਫ ਪੰਜਾਬੀ ਦਾ ਵਿਸ਼ਾ ਪਾਸ ਕੀਤਾ ਹੈ (ਸਬੂਤ ਵਜੋਂ ਪ੍ਰਾਪਤ ਅੰਕ ਪ੍ਰਾਪਤ ਕਾਰਡ ਨਾਲ ਨੱਥੀ ਕੀਤਾ ਜਾਵੇ)।</td><td colspan="2">ਹਾਂ/ਨਾ</td></tr>
<tr><td>12</td><td colspan="7">ਉਮੀਦਵਾਰ ਨੇ ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਅਧਿਆਪਕ ਯੋਗਤਾ ਟੈਸਟ ਪਾਸ ਕੀਤਾ ਹੈ (ਸਬੂਤ ਵਜੋਂ ਅੰਕ ਕਾਰਡ ਨਾਲ ਨੱਥੀ ਕੀਤਾ ਜਾਵੇ)</td><td colspan="2">ਹਾਂ/ਨਾ</td></tr>
<tr><td>13.</td><td colspan="7">ਬੈਂਕ ਡਿਮਾਂਡ ਡਰਾਫਟ ਨੰਬਰ/ਪੋਸਟਲ ਆਡਰ ਨੰਬਰ............ ਮਿਤੀ:...............<br>ਰਕਮ..................।</td><td colspan="2">ਹਾਂ/ਨਾ</td></tr>
<tr><td></td><td colspan="9">ਮੈਂ ਇਹ ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੇਰੇ ਵਲੋਂ ਉਪਰੋਕਤ ਦਿੱਤੀ ਜਾਣਕਾਰੀ ਬਿਲਕੁਲ ਠੀਕ ਹੈ ਅਤੇ ਇਸ ਵਿੱਚ ਮੇਰੇ ਵੱਲੋਂ ਕੁੱਝ ਵੀ ਛੁਪਾਇਆ ਨਹੀਂ ਗਿਆ ਅਤੇ ਮੈਂ ਇਸ ਜਿਲ੍ਹੇ ਤੋਂ ਇਲਾਵਾ ਕਿਸੇ ਹੋਰ ਜਿਲ੍ਹੇ ਵਿੱਚ ਈ.ਟੀ.ਟੀ.ਟੀਚਰ ਦੀ ਅਸਾਮੀ ਲਈ ਬਿਨੈ-ਪੱਤਰ ਨਹੀਂ ਕਰ ਰਿਹਾ/ਰਹੀ ਹਾਂ।</td></tr>
<tr><td></td><td colspan="7"><br><br>ਮਿਤੀ:</td><td colspan="2"><br><br>ਹਸਤਾਖਰ:</td></tr>
</table>